## ਆਪਣੇ ਸਿਹਤ ਕੇਂਦਰ ਤੇ ਔਰਤਾਂ ਪ੍ਰਤੀ ਹਿੰਸਾ ਨੂੰ ਨਜਿੱਠਣ ਦੇ ਉਪਰਾਲੇ:

- ਹਿੰਸਾ ਪਹਿਚਾਣੋ ਅਤੇ ਜੇਕਰ ਲੋੜ ਪਵੇ ਤਾਂ ਡਾਕਟਰੀ ਜਾਂਚ ਕਰੋ।
- ਹਮਦਰਦੀ ਜਤਾਉ।
- ਲੋੜੀਂਦਾ ਇਲਾਜ ਕਰੋ।
- ਲੋੜ ਮੁਤਾਬਕ ਉੱਚ ਕੇਂਦਰ ਤੇ ਰੈਫਰ ਕਰੋ।
- ਦਸਤਾਵੇਜ਼ ਪੂਰੇ ਰੱਖੋ।
- ਮੈਡੀਕੋਲੀਗਲ ਦਸਤਾਵੇਜ਼ ਤਿਆਰ ਕਰੋ।
- ਸਮਾਜ ਵਿੱਚ ਪ੍ਰੇਰਣਾ ਸ੍ਰੋਤ ਵਾਂਗ ਵਿਚਰੋ।




## किससे संपर्क करें??

### हेल्पलाइन नंबर:

| | |
|---|---|
| ਇੰਡੀਅਨ ਵੂਮੈਨ ਹੈਲਪਲਾਈਨ | 1091 |
| ਘਰੇਲੂ ਹਿੰਸਾ ਸਬੰਧੀ ਹੈਲਪਲਾਈਨ | 181 |
| ਨੈਸ਼ਨਲ ਕਮਿਸ਼ਨ ਫਾਰ ਵੂਮੈਨ | 011-26942369<br>011-26944754 |
| ਬਾਲ ਨਾਬਾਲਗ ਹੈਲਪਲਾਈਨ | 1098 |
| ਪੁਲਿਸ ਨੰਬਰ | 100 |

BADLAAV
Swasth Nari · Sukhi Nari
Ekikaran · Samanta · Takniki
PUBLIC AWARENESS COMMITTEE




Violence Against Women is A Social Evil with Huge Impact On Women's Health.

## LET'S TAKE A VOW TO ERADICATE VAW

FEDERATION OF OBSTETRIC AND GYNAECOLOGICAL SOCIETIES OF INDIA ® FOGSI

BADLAAV
Swasth Nari · Sukhi Nari
Ekikaran · Samanta · Takniki
PUBLIC AWARENESS COMMITTEE



**Dr Hrishikesh Pai**
President,
FOGSI



**Dr Madhuri Patel**
Secretary General,
FOGSI



**Dr Alka Pandey**
VP FOGSI
Incharge



**Dr Kiranmai Devineni**
Chairperson, No To Violence Against Women Committee

fogsiofficial | fogsiofficial | fogsiofficial | @fogsiHQ

Designed by PORE BROTHERS 9923300500

### FOGSI PRESIDENTIAL INITIATIVE

# SAMATA

## GENDER EQUALITY

### INTERNATIONAL DAY FOR ELIMINATION OF VAW

NOVEMBER 25TH, 2023

FEDERATION OF OBSTETRIC AND GYNAECOLOGICAL SOCIETIES OF INDIA ® FOGSI

BADLAAV
Swasth Nari · Sukhi Nari
Ekikaran · Samanta · Takniki
PUBLIC AWARENESS COMMITTEE

An initiative by **FOGSI**



# UNITE

## INVEST TO PREVENT

# VAW

President **Dr Hrishikesh Pai**
Secretary General **Dr Madhuri Patel**
Vice President **Dr Alka Pandey**
Chairperson - No to Violence Against Women Committee
**Dr Kiranmai Devineni**

Contributors - **Punjabi**
**Dr Manpreet Kaur**



**FOGSI PRESIDENTIAL** INITIATIVE

# SAMATA

GENDER EQUALITY

**INTERNATIONAL DAY**
**FOR ELIMINATION OF VAW**
NOVEMBER 25TH, 2023

## ਔਰਤਾਂ ਵਿਰੁੱਧ ਹਿੰਸਾ ਕੀ ਹੈ?

ਅਜੋਕੇ ਸਮਾਜ ਵਿੱਚ ਔਰਤਾਂ ਵਿਰੁੱਧ ਹਿੰਸਾ (VAW-Violence Against Women) ਇੱਕ ਗੰਭੀਰ ਸਮੱਸਿਆ ਮੰਨੀ ਜਾਂਦੀ ਹੈ, ਜਿਸ ਦਾ ਕਿ ਇੱਕ ਔਰਤ ਦੀ ਜ਼ਿੰਦਗੀ ਅਤੇ ਸਿਹਤ ਤੇ ਡੂੰਘਾ ਅਸਰ ਪੈਂਦਾ ਹੈ ਅਤੇ ਇਹ ਮਨੁੱਖੀ ਅਧਿਕਾਰਾਂ ਦੀ ਸਰਾਸਰ ਉਲੰਘਣਾ ਹੈ।

## ਔਰਤਾਂ ਵਿਰੁੱਧ ਹਿੰਸਾ ਕਿੰਨੀ ਪ੍ਰਚਲਿਤ ਹੈ?

ਦੁਨੀਆ ਭਰ ਵਿੱਚ 736 ਮੀਲੀਅਨ (73 ਕਰੋੜ ਤੋਂ ਵੱਧ) ਔਰਤਾਂ ਅੱਜ ਵੀ ਹਿੰਸਾ ਤੋਂ ਪੀੜਤ ਹਨ। ਇਸ ਹਿਸਾਬ ਨਾਲ ਹਰ ਤਿੰਨ ਪਿੱਛੇ ਇੱਕ ਔਰਤ ਅਜਿਹੀ ਹੈ ਜਿਸ ਦਾ ਕਿ ਆਪਣੇ ਜੀਵਨਕਾਲ ਵਿੱਚ ਘੱਟੋ-ਘੱਟ ਇੱਕ ਵਾਰ ਉਸ ਦੇ ਜੀਵਨ ਸਾਥੀ ਜਾਂ ਕਿਸੇ ਹੋਰ ਵੱਲੋਂ ਮਾਨਸਿਕ ਜਾਂ ਸਰੀਰਕ ਸ਼ੋਸ਼ਣ ਨਾ ਕੀਤਾ ਗਿਆ ਹੋਵੇ।

VAW

## ਔਰਤਾਂ ਵਿਰੁੱਧ ਹਿੰਸਾ ਦੇ ਪ੍ਰਮੁੱਖ ਕਾਰਨ ਕੀ ਹਨ?

- ਅਤਿਆਚਾਰਕ ਮਰਦਾਉਪਨਾ
- ਲਿੰਗ ਪੱਖਪਾਤ
- ਪਿੱਤਰੀ ਸਮਾਜ
- ਲਿੰਗ ਰੁੜੀਵਾਦ
- ਲਿੰਗਵਾਦ

## ਔਰਤਾਂ ਵਿਰੁੱਧ ਹਿੰਸਾ ਪ੍ਰਤੀ ਜਾਣਕਾਰੀ ਅਤੇ ਇਸ ਬਾਰੇ ਵਿਚਾਰ ਕਰਨਾ ਇੱਕ ਇਸਤਰੀ ਰੋਗਾਂ ਦੇ ਮਾਹਿਰ ਡਾਕਟਰ ਵਾਸਤੇ ਕਿਉਂ ਜਰੂਰੀ ਹੈ?

ਔਰਤਾਂ ਵਿੱਚ ਪਾਏ ਜਾਣ ਵਾਲੀਆਂ ਕਈ ਗੰਭੀਰ ਸਿਹਤ ਸੰਬੰਧੀ ਸਮੱਸਿਆਵਾਂ ਦਾ ਪ੍ਰਮੁੱਖ ਕਾਰਨ ਉਹਨਾਂ ਪ੍ਰਤੀ ਹਿੰਸਾ ਹੀ ਹੈ।
ਇੱਕ ਮਹਿਲਾ ਚਿਕਿੱਤਸਕ ਹੀ ਉਹ ਪਹਿਲਾ ਸਖਸ਼ ਹੈ ਜੋ ਕਿ ਕਿਸੇ ਔਰਤ ਦੀ ਸਿਹਤ ਸੰਬੰਧੀ ਦੇਖਭਾਲ ਵਿੱਚ ਪਹਿਲਾ ਕੰਟੈਕਟ ਪਰਸਨ (Contact person) ਦਾ ਰੋਲ ਨਿਭਾਉਂਦੀ ਹੈ ਅਤੇ ਇੱਕ ਔਰਤ ਆਪਣੇ ਨਾਲ ਹੁੰਦੀ ਹਿੰਸਾ ਬਾਰੇ ਗੱਲਬਾਤ ਉਸ ਪਾਸ ਬਿਨ੍ਹਾਂ ਸੰਕੋਚ ਕਰ ਸਕਦੀ ਹੈ।
ਇਸ ਲਈ ਇੱਕ ਪ੍ਰਸੁੱਤੀ ਡਾਕਟਰ ਦਾ ਸੰਵੇਦਨਸ਼ੀਲ ਹੋਣਾ ਅਤੇ ਉਸ ਦਾ ਇਸ ਵਿਸ਼ੇ ਤੇ ਟ੍ਰੇਨਿੰਗ ਪ੍ਰਾਪਤ ਕਰਨਾ ਅਤਿ ਜ਼ਰੂਰੀ ਹੈ। ਉਹ ਡਾਕਟਰ ਉਸ ਪੀੜਤ ਔਰਤ ਨੂੰ ਮੁਢਲੀ ਸਹਾਇਤਾ ਦੇਣ ਤੋਂ ਇਲਾਵਾ ਉਸ ਦਾ ਇਲਾਜ ਵੀ ਕਰ ਸਕਦੀ ਹੈ ਅਤੇ ਲੋੜ ਪੈਣ ਦੀ ਸੂਰਤ ਵਿੱਤ ਉੱਚ ਸਿਹਤ ਸੰਸਥਾ ਨੂੰ ਵੀ ਭੇਜ ਸਕਦੀ ਹੈ। ਇਸ ਦੇ ਨਾਲ ਉਹ ਹੋਈ ਹਿੰਸਾ ਵਿਰੁੱਧ ਸਬੂਤ ਇਕੱਠੇ ਕਰਨ ਵਿੱਚ ਵੀ ਮਦਦਗਾਰ ਹੋ ਸਕਦੀ ਹੈ।

## ਔਰਤ ਪ੍ਰਤੀ ਹਿੰਸਾ ਦੀਆਂ ਕਿਸਮਾਂ

- **ਸਰੀਰਕ ਹਿੰਸਾ:**
  ਜਿਵੇਂਕਿ ਤੇਜ਼ਾਬ ਸੁੱਟਣਾ, ਇੱਜ਼ਤ ਲਈ ਹੱਤਿਆ (Honour Killing), ਨਾਰੀ ਹੱਤਿਆ, ਜਿਨਸੀ ਹਿੰਸਾ।
- **ਮਨੋਵਿਗਿਆਨਿਕ ਹਿੰਸਾ:**
  ਵਿੱਤੀ ਹੇਰਾ ਫੇਰੀ, ਭਾਵਨਾਤਮਿਕ ਦੁਰਵਿਵਹਾਰ, ਧੱਕੇਸ਼ਾਹੀ, ਪਿੱਛਾ ਕਰਨਾ, ਛੇੜ-ਛਾੜ ਕਰਨਾ ਅਤੇ ਅਪਰਾਧਿਕ ਧਮਕੀ
- **ਘਰੇਲੂ ਹਿੰਸਾ**

## ਕਾਨੂੰਨੀ ਸੁਰੱਖਿਆ:

- **ਤੇਜ਼ਾਬ ਨਾਲ ਹਮਲੇ ਦੀ ਕੋਸ਼ਿਸ਼:**
  ਧਾਰਾ 326B IPC
  ਤਹਿਤ 5-7 ਸਾਲ ਦੀ ਕੈਦ ਅਤੇ ਜ਼ੁਰਮਾਨਾ
- **ਤੇਜ਼ਾਬ ਨਾਲ ਹਮਲਾ:**
  ਧਾਰਾ 326A IPC ਤਹਿਤ 10 ਸਾਲ ਤੋਂ ਵੱਧ ਦੀ ਜੇਲ/ ਜੋ ਕਿ ਆਜੀਵਨ ਕੈਦ ਵੀ ਬਣ ਸਕਦੀ ਹੈ ਤੇ ਜ਼ੁਰਮਾਨਾ ਵਜੋਂ ਪੀੜਤ ਦੇ ਇਲਾਜ ਦਾ ਖਰਚਾ।
- **ਜਿਨਸੀ ਹਮਲਾ (Sexual Assault):**
  - ਧਾਰਾ 354 IPC ਅਧੀਨ 1-5 ਸਾਲ ਦੀ ਕੈਦ ਅਤੇ ਜ਼ੁਰਮਾਨਾਨਿਰਭੈ ਐਕਟ2013
  - ਧਾਰਾ 375 IPC – ਬਲਾਤਕਾਰ ਵਿਰੁੱਧ
  - ਧਾਰਾ 354 A IPC – ਜਿਨਸੀ ਛੇੜ-ਛਾੜ ਅਤੇ ਸਰੀਰਕ ਸੰਪਰਕ ਵਿਰੁੱਧ।
  - POCSO ਐਕਟ 2012- ਨਾਬਾਲਗਾਂ ਨੂੰ ਜਿਨਸੀ ਸੋਸ਼ਣ ਤੋਂ ਬਚਾਉਂਦਾ ਹੈ।
- **ਪਿੱਛਾ ਕਰਨਾ (Stalking):**
  ਧਾਰਾ 354D IPC 1-3 ਸਾਲ ਦੀ ਕੈਦ ਅਤੇ ਜ਼ੁਰਮਾਨਾ
- **ਤਾਕ- ਝਾਂਕ (Voyeurism):**
  ਧਾਰਾ 354C IPC
  ਤਹਿਤ ਪਹਿਲੀ ਵਾਰ 1-3 ਸਾਲ ਦੀ ਕੈਦ ਤੇ ਜ਼ਿਆਦਾ ਲਈ 3-7 ਸਾਲ ਦੀ ਕੈਦ
- **ਛੇੜ-ਛਾੜ-:**
  ਧਾਰਾ 294 ਤਹਿਤ 3 ਮਹੀਨੇ ਦੀ ਸਜਾ। ਧਾਰਾ 509 IPC ਉਸ ਵਿਅਕਤੀ ਤੇ ਲਾਗੂ ਹੈ ਜੋ ਆਪਣੀ ਕਿਸੀ ਘਟੀਆ ਹਰਕਤ ਜਾਂ ਕਿਸੀ ਵਸਤੂ ਨਾਲ ਇੱਕ ਔਰਤ ਦੀ ਬੇਇਜ਼ਤੀ ਕਰਦਾ ਹੈ। ਇਸ ਧਾਰਾ ਤਹਿਤ 3 ਸਾਲ ਦੀ ਕੈਦ ਹੈ।
- **ਅਪਰਾਧਿਕ ਧਮਕੀ:**
  ਧਾਰਾ 503 IPC ਤਹਿਤ 2 ਸਾਲ ਦੀ ਕੈਦ ਜਾਂ ਜ਼ੁਰਮਾਨਾ ਜਾਂ ਦੋਵੇਂ।
- **ਜਿਨਸੀ ਹਿੰਸਾ:**
  ਧਾਰਾ 354A IPC ਤਹਿਤ 3 ਸਾਲ ਦੀ ਕੈਦ
- **ਘਰੇਲੂ ਹਿੰਸਾ:**
  ਘਰੇਲੂ ਹਿੰਸਾ ਐਕਟ 2005, ਹਰ ਸਰੀਰਕ, ਜਿਨਸੀ, ਜ਼ੁਬਾਨੀ ਅਤੇ ਆਰਥਿਕ ਸੋਸ਼ਣ ਵਾਸਤੇ ਸੁੱਰਖਿਆ ਪ੍ਰਦਾਨ ਕਰਦਾ ਹੈ ਅਤੇ ਦੁਰਵਿਵਹਾਰ ਕਰਨ ਵਾਲੇ ਨੂੰ 3 ਸਾਲ ਦੀ ਕੈਦ ਦੀ ਸਜ਼ਾ ਦਿੰਦਾ ਹੈ।

